ਦਫਤਰ: ਉਪ ਮੰਡਲ ਇੰਜੀਨੀਅਰ ਉਸਾਰੀ ਉਪ ਮੰਡਲ ਨੰ:2 ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ ਹੁਸ਼ਿਆਰਪੁਰ ।

ਸੇਵਾ ਵਿਖੇ

ਪ੍ਰਿੰਸੀਪਲ
ਕੈਮਬਰਿਜ ਇੰਟਰਨੈਸ਼ਨਲ ਸਕੂਲ,
ਦਸੂਹਾ,ਜਿਲ੍ਹਾ ਹੁਸ਼ਿਆਰਪੁਰ।

ਨੰ: 345 ਮਿਤੀ 5/03/2025

ਵਿਸ਼ਾ :- ਇਸ਼ੂ ਆਫ ਬਿਲਡਿੰਗ ਸੇਫਟੀ ਸਰਟੀਫਿਕੇਟ ਸਾਲ 2025-26

ਹਵਾਲਾ :- ਆਪ ਦੇ ਸਕੂਲ ਦਾ ਪੱਤਰ ਨੰ: CISD/20446/B&R/2025-26 ਮਿਤੀ 22-02-2025

ਉਪਰੋਕਤ ਸਕੂਲ ਦੀ ਇਮਾਰਤ ਦਾ ਨਿਰੀਖਣ ਇਸ ਦਫਤਰ ਦੇ ਜੂਨੀਅਰ ਇੰਜੀਨੀਅਰ ਵੱਲੋਂ ਕੀਤਾ ਗਿਆ ਅਤੇ ਸਟਰੱਕਚਰਲ ਇੰਜੀਨੀਅਰ ਦੀ ਰਿਪੋਰਟ ਨਾਲ ਨੱਥੀ ਮੁਤਾਬਿਕ ਇਹ ਪਾਇਆ ਗਿਆ ਹੈ ਕਿ ਇਹ ਬਿਲਡਿੰਗ (ਸਟਰੱਕਚਰਲ ਤੌਰ ਤੇ) ਸੁਰੱਖਿਅਤ ਹੈ।ਇਸ ਲਈ ਇਸ ਸਕੂਲ ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਸਾਲ 2025-26 (01 ਅਪ੍ਰੈਲ 2025 ਤੋਂ 31 ਮਾਰਚ 2026 ਤੱਕ) ਵਾਸਤੇ ਹੇਠ ਲਿੱਖੀਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ :-

1. ਬਿਲਡਿੰਗ ਦੀਆਂ ਛੱਤਾਂ ਉਤੇ ਪਾਣੀ ਖੜਾ ਨਾ ਹੋਣ ਦਿੱਤਾ ਜਾਵੇ ।
2. ਜੇਕਰ ਬਿਲਡਿੰਗ ਦੇ ਕਿਸੇ ਹਿੱਸੇ ਵਿੱਚ ਕਿਸੇ ਕਿਸਮ ਦੀ ਤਰੇੜ ਵਗੈਰਾ ਆ ਜਾਂਦੀ ਹੈ ਤਾਂ ਉਸ ਜਗ੍ਹਾਂ ਨੂੰ ਤੁਰੰਤ ਖਾਲੀ ਕੀਤਾ ਜਾਵੇ ਅਤੇ ਉਸ ਦੀ ਰਿਪੇਅਰ ਤੁਰੰਤ ਹੀ ਕਰਵਾਈ ਜਾਵੇ ।
3. ਸਕੂਲ ਬਿਲਡਿੰਗ ਦੀ ਉਸਾਰੀ ਵਿੱਚ ਵਰਤੇਂ ਗਏ ਮਟੀਰੀਅਲ ਦੀ ਜਿਮੇਵਾਰੀ ਸਬੰਧਤ ਸਕੂਲ ਦੀ ਹੋਵੇਗੀ।
4. ਨਾਲ ਨੱਥੀ ਨਕਸ਼ੇ ਤੋਂ ਇਲਾਵਾ ਜੇਕਰ ਆਪ ਵੱਲੋਂ ਕੋਈ ਵਾਧੂ ਉਸਾਰੀ ਕਰਨੀ ਹੋਵੇ ਤਾਂ ਉਸਦੀ ਮੰਜੂਰੀ ਮਹਿਕਮੇਂ ਪਾਸੋਂ ਲਈ ਜਾਵੇ ।
5. ਸਰਕਾਰ ਦੀਆਂ ਹਦਾਇਤਾ/ਕੋਰਟ ਦੀਆਂ ਹਦਾਇਤਾ ਮੁਤਾਬਿਕ ਜੇਕਰ ਕੋਈ ਵੀ ਅਸੈਸ ਫੀਸ ਜਮ੍ਹਾਂ ਕਰਵਾਉਣੀ ਪੈਂਦੀ ਹੈ ਤਾਂ ਉਹ ਫੀਸ ਤੁਹਾਡਾ ਸਕੂਲ ਜਮ੍ਹਾਂ ਕਰਾਉਣ ਦਾ ਪਾਬੰਦ ਹੋਵੇਗਾ।
6. ਸਕੂਲ ਵੱਲੋਂ ਬਣਦੀ ਇੰਸਪੈਕਸ਼ਨ ਫੀਸ ਕਾਰਜਕਾਰੀ ਇੰਜੀਨੀਅਰ ਉਸਾਰੀ ਮੰਡਲ ਨੰ:1 ਹੁਸ਼ਿਆਰਪੁਰ ਜੀ ਵੱਲੋਂ ਦੱਸੇ ਗਏ ਖਾਤੇ ਵਿੱਚ 20,000/- ਰਪੁਏ ਜਮ੍ਹਾਂ ਕਰਵਾ ਦਿੱਤੇ ਗਏ ਹਨ ।

ਨੱਥੀ/ਇੱਲ

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ ਨੰ:2 ਲੋ:ਨਿ:ਵਿ:(ਭ ਤੇ ਮ) ਸ਼ਾਖਾ
ਹੁਸ਼ਿਆਰਪੁਰ ।

ਪਿੱਠ ਅੰਕਣ ਨੰ: ਮਿਤੀ

ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ ਉਸਾਰੀ ਮੰਡਲ ਨੰ:1 ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ ਹੁਸ਼ਿਆਰਪੁਰ ਜੀ ਨੂੰ ਉਹਨਾ ਦੇ ਦਫਤਰ ਦੇ ਪਿੱਠ ਅੰਕਣ ਨੰ: 1689 ਮਿਤੀ 03-03-2025 ਦੇ ਸਬੰਧ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਕੂਲ ਦੁਆਰਾ ਬਣਦੀ ਇੰਸਪੈਕਸ਼ਨ ਫੀਸ ਖਾਤਾ ਨੰ: 311104000001496 ਵਿੱਚ ਬਾਬਤ ਰਕਮ 20,000/- ਰਪੁਏ ਮਿਤੀ 07-03-2025 ਨੂੰ ਜਮ੍ਹਾਂ ਕਰਵਾ ਦਿੱਤੇ ਗਏ ਹਨ ਜਿਸ ਦੀ ਰਸੀਦ ਮੂਲ ਰੂਪ ਵਿੱਚ ਆਪ ਜੀ ਨੂੰ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ/ਰਸੀਦ

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ ਨੰ:2ਲੋ:ਨਿ:ਵਿ:(ਭ ਤੇ ਮ) ਸ਼ਾਖਾ
ਹੁਸ਼ਿਆਰਪੁਰ ।